ਬੱਚਿਆਂ ਲਈ ਬਾਈਬਲ

ਉਪੱਸਥਿਤ

# ਪਰਮੇਸ਼ਵਰ ਦਾ ਅਬਰਾਹਾਮ ਨਾਲ ਵਾਇਦਾ



ਦੁਆਰਾ ਲਿਖਿਆ ਗਿਆ : Edward Hughes
ਦੁਆਰਾ ਦਿੱਤੀਆਂ ਗਈਆਂ ਉਦਾਹਰਣਾਂ : Byron Unger; Lazarus
ਦੁਆਰਾ ਬਦਲਿਆ ਗਿਆ : M. Maillot; Tammy S.
ਦੁਆਰਾ ਕੀਤਾ ਗਿਆ ਅਨੁਵਾਦ : Rev. Tasveer ull haque
ਦੁਆਰਾ ਬਣਾਇਆ ਗਿਆ : Bible for Children
www.M1914.org

BFC
PO Box 3
Winnipeg, MB R3C 2G1
Canada

©2015 Bible for Children, Inc.
ਆਗਿਆ ਦੇਣ.ੀ : ਜਦ ਤੱਕ ਤੁਸੀ ਇਸ ਨੂੰ ਵੇਚਦੇ ਨਹੀ ਤਦ ਤੱਕ ਤੁਹਾਨੂੰ ਅਧਿਕਾਰ ਹੈ ਕਿ
ਤੁਸੀ ਇਸ ਕਹਾਣੀ ਨੂੰ ਛਾਪ ਸਕੋ ਜਾ ਇਸ ਦੀ ਨਕਲ ਉਤਾਰ ਸਕੋ।



ਹੜ ਆਂਉਣ ਤੌਂ ਕਾਫੀ ਦੇਰ ਬਾਅਦ ਲੋਕਾਂ ਨੇਂ ਧਰਤੀ ਤੇ ਇੱਕ ਯੋਜ਼ਨਾ ਬਣਾਈ। ਅਸੀਂ ਇੱਕ ਮਹਾਨ ਸ਼ਹਿਰ ਬਣਾਵਾਂਗੇ ਜਿਸ ਦਾ ਬੁਰਜ ਅਸਮਾਨ ਨੂੰ ਛੂਏਗਾ, ਉਹਨਾਂ ਨੇ ਕਿਹਾ। “ਚਲੋ ਹਮੇਸ਼ਾ ਇਕੱਠੇ ਰਹੀਏ। ਸਾਰੇ ਇੱਕ ਹੀ ਭਾਸ਼ਾ ਬੋਲਦੇ ਸਨ।”

ਪਰਮੇਸ਼ਵਰ ਚਾਹੁੰਦਾ ਸੀ ਕੀ ਲੋਕ ਉਸਦੇ ਬਣਾਏ ਹੋਏ ਸੰਸਾਰ ਵਿੱਚ ਇੱਕ ਪਾਸੇ ਤੋਂ ਦੂਜੇ ਪਾਸੇ ਵੱਸਣ। ਤਾਂ ਉਸਨੇ ਕੁਝ ਅਨੋਖਾ ਕੀਤਾ। ਅਚਾਨਕ, ਲੋਕਾਂ ਦੇ ਸਮੂਹ ਭਿੰਨਤਾ ਨਾਲ ਬੋਲਣ ਲੱਗ ਪਏ।

ਪਰਮੇਸ਼ਵਰ ਨੇ ਉਹਨਾਂ ਨੂੰ ਨਵੀਂਆ ਭਾਸ਼ਾਵਾਂ ਦਿੱਤੀਆਂ।



ਜਿਹੜੇ ਇੱਕ ਤਰਾਂ ਦੀ ਭਾਸ਼ਾ ਬੋਲਦੇ ਸਨ ਇਕੱਠੇ ਹੋ ਕੇ ਚਲੇ ਗਏ।
ਸ਼ਾਇਦ ਉਹ ਲੋਕ ਡਰ ਗਏ ਜੋ ਦੂਸਰਿਆਂ ਦਾ ਅਰਥ ਨਾਂ ਸਮਝ ਸਕੇ।
ਇਸ ਤਰਾਂ, ਪਰਮੇਸ਼ਵਰ ਨੇ ਲੋਕਾਂ ਨੂੰ ਅਲੱਗ ਅਲੱਗ ਦੇਸ਼ਾਂ ਵਿੱਚ ਵੱਸਣ
ਦਾ ਕਾਰਨ ਦਿੱਤਾ। ਜਿਹੜਾ ਸ਼ਹਿਰ ਉਹਨਾਂ
ਛੱਡਿਆ ਉਸ ਦਾ ਨਾਂ



ਬੇਬੀਲੋਨ ਸੀ,
ਜਿਸਦਾ ਮਤਲਬ
ਗੜਬੜ ਹੈ।

ਕਈ ਸਾਲਾਂ ਬਾਅਦ,
ਕਸਦੀਆਂ ਦੀ ਉਰ ਨਾਂ
ਦੇ ਸਥਾਨ ਤੇ, ਪਰਮੇਸ਼ਵਰ
ਨੇਂ ਇੱਕ ਮਨੁੱਖ ਨਾਲ
ਗੱਲ ਕੀਤੀ ਜਿਸ ਦਾ
ਨਾਂ ਅਬਰਾਮ ਸੀਂ।
ਪਰਮੇਸ਼ਵਰ ਨੇ ਆਗਿਆ
ਦਿੱਤੀ, “ਇਹ ਦੇਸ਼
ਛੱਡ ਦੇ ਅਤੇ ਉਸ
ਦੇਸ਼ ਨੂੰ ਚਲਾ
ਜਾ ਜੋ ਮੈਂ ਤੈਨੂੰ
ਵਿਖਾਵਾਂਗਾ।”



ਅਬਰਾਮ ਨੇ ਆਗਿਆ ਦੀ ਪਾਲਣਾ ਕੀਤੀ। ਪਰਮੇਸ਼ਵਰ ਨੇ ਕਨਾਨ ਦੇਸ਼ ਵਿੱਚ ਜਾਣ ਲਈ ਉਸਦੀ ਅਗਵਾਈ ਕੀਤੀ। ਉਸਦੀ ਪਤਨੀ ਸਾਰਈ ਅਤੇ ਉਸਦਾ ਭਤੀਜਾ ਲੂਤ ਉਸਦੇ ਨਾਲ ਗਏ।



ਕਨਾਨ ਵਿੱਚ, ਅਬਰਾਮ ਅਤੇ ਲੂਤ ਦੋਨੋ ਅਮੀਰ ਹੋ ਗਏ। ਉਹਨਾਂ ਕੋਲ ਪਸ਼ੂਆਂ ਦਾ ਬਹੁਤ ਵੱਡਾ ਇੱਜੜ ਸੀ। ਬਹੁਤ ਸਾਰੇ ਜਾਨਵਰਾਂ ਵਾਸਤੇ ਉਥੇ ਜਿਆਦਾ ਮਾਤਰਾ ਵਿੱਚ ਚਾਰਗਾਹ ਨਹੀ ਸੀਂ।



ਲੂਤ ਦੇ ਚਰਵਾਹੇ ਅਬਰਾਮ ਦੇ ਚਰਵਾਹਿਆਂ ਨਾਲ ਝਗੜ ਪਏ। “ਆਪਣੇ ਵਿੱਚ ਝਗੜਾ ਨਹੀਂ ਹੋਣਾ ਚਾਹੀਦਾ,” ਤਦ ਅਬਰਾਮ ਨੇ ਕਿਹਾ। “ਅਸੀਂ ਵੱਖਰੇ ਹੋ ਜਾਵਾਂਗੇ। ਲੂਤ, ਪਹਿਲਾ ਤੂੰ ਚੋਣ ਕਰ ਤੈਨੂੰ ਕਿਹੜੀ ਭੂਮੀ ਚਾਹੀਦੀ ਹੈ।”



ਲੂਤ ਨੇ ਆਪਣੇ ਲਈ ਸ਼ਹਿਰਾਂ ਅਤੇ ਪਿੰਡਾਂ ਵਿੱਚ
ਘਾਹ ਨਾਲ ਭਰਿਆ ਹੋਇਆ ਸ਼ਾਨਦਾਰ ਸਮਤਲ
ਇਲਾਕਾ ਚੁਣਿਆ। ਜੋ ਵੇਖਣ ਨੂੰ ਚੰਗਾ ਸੀ।
ਪਰ ਉਹ ਸ਼ਹਿਰ ਵਾਲੇ ਸਥਾਨ ਬਹੁਤ
ਹੀ ਦੁਸ਼ਟਤਾ ਪੂਰਨ ਸਨ।





ਲੂਤ ਦੇ ਜਾਣ ਤੋ ਬਾਅਦ, ਪਰਮੇਸ਼ਵਰ ਨੇਂ ਫਿਰ ਅਬਰਾਮ ਨੂੰ ਬੋਲਿਆ। “ਮੈਂ ਇਹ ਕਨਾਨ ਦੇਸ਼ ਤੈਂਨੂੰ ਅਤੇ ਤੇਰੀ ਸੰਤਾਨ ਨੂੰ ਸਦਾ ਲਈ ਦਿੰਦਾ ਹਾਂ।” ਅਬਰਾਮ ਅਤੇ ਸਾਰਾਈ ਦੇ ਕੋਈ ਔਲਾਦ ਨਹੀਂ ਸੀ। ਪਰਮੇਸ਼ਵਰ ਕਿਸ ਤਰਾਂ ਆਪਣੇ ਮਹਾਨ ਵਾਇਦੇ ਨੂੰ ਪੂਰਿਆਂ ਕਰੇਗਾ?



ਤਿੰਨ ਮਨੁੱਖ ਪਰਮੇਸ਼ਵਰ ਵੱਲੋਂ ਅਬਰਾਮ ਅਤੇ ਸਾਰਾਈ ਕੋਲ ਆਏ।
“ਤੁਹਾਡੇ ਕੋਲ ਜਲਦ ਹੀ ਇੱਕ ਬੱਚਾ ਹੋਵੇਗਾ,” ਉਹਨਾਂ ਨੇ ਕਿਹਾ।
ਸਾਰਾਈ ਹੱਸ ਪਈ। ਉਸਨੇ ਪਰਮੇਸ਼ਵਰ ਦੇ ਸੰਦੇਸ਼ ਤੇ ਵਿਸ਼ਵਾਸ਼
ਨਹੀ ਕੀਤਾ। ਉਸਦੀ ਉਮਰ ਨੱਬੇ ਸਾਲ ਸੀ।



ਪਰਮੇਸ਼ਵਰ ਨੇ ਅਬਰਾਮ ਨੂੰ ਕਿਹਾ ਕਿ ਹੁਣ ਤੋਂ ਤੂੰ
ਅਬਰਾਹਾਮ ਕਹਾਏਂਗਾ {“ਮਹਾਨ ਪਿਤਾ”} ਅਤੇ
ਸਾਰਾਈ ਸਾਰਾਹ ਕਹਾਵੇਗੀ {“ਸ਼ੈਹਜਾਦੀ”}।


ਪਰਮੇਸ਼ਵਰ ਨੇ ਅਬਰਾਹਾਮ ਨੂੰ ਇਹ ਵੀ ਦੱਸਿਆ ਕਿ ਉਹ ਸਦੋਮ ਅਤੇ ਅਮੋਰਾ ਨਾਂ ਦੇ ਦੋਨਾਂ ਸ਼ਹਿਰਾਂ ਦੀ ਦੁਸ਼ਟਤਾ ਦੇ ਕਾਰਨ ਉਹਨਾਂ ਨੂੰ ਨਾਸ਼ ਕਰੇਗਾ। ਅਬਰਾਹਾਮ ਦਾ ਭਤੀਜਾ ਲੂਤ ਆਪਣੇ ਪਰਿਵਾਰ ਨਾਲ ਸਦੋਮ ਵਿੱਚ ਰਹਿੰਦਾ ਸੀ।

ਜਦ ਲੂਤ ਨੂੰ ਪਰਮੇਸ਼ਵਰ ਵੱਲੋਂ ਚੇਤਾਵਨੀ ਮਿਲੀ ਤਾਂ ਉਸਨੇ ਵਿਸ਼ਵਾਸ਼ ਕੀਤਾ, ਪਰ ਉਸਦੀ ਬੇਟੀਆਂ ਦੇ ਪਤੀਆਂ ਨੇ ਸਦੋਮ ਨੂੰ ਛੱਡ ਕੇ ਜਾਣਾ ਤੋਂ ਮਨਾਂ ਕਰ ਦਿੱਤਾ। ਕਿੰਨਾ ਸ਼ੋਕਮਈ ਹੈ! ਕਿ ਉਹਨਾਂ ਨੇ ਪਰਮੇਸ਼ਵਰ ਦੇ ਵਚਨ ਤੇ ਵਿਸ਼ਵਾਸ਼ ਨਹੀ ਕੀਤਾ।



ਸਿਰਫ ਲੂਤ ਅਤੇ ਉਸਦੀਆਂ ਦੋਨੋਂ ਬੇਟੀਆਂ ਸੁਰਖਸ਼ਿਤ ਸਥਾਨ ਤੇ ਪਹੁੰਚੇ। ਅੱਗ ਅਤੇ ਗੰਦਰਸ ਦੋਨਾਂ ਦੁਸ਼ਟਤਾ ਪੂਰਨ ਸ਼ਹਿਰਾਂ ਉੱਤੇ ਪਏ।



ਦੁਖ ਵਾਲੀ ਗੱਲ ਇਹ ਹੈ, ਕਿ ਲੂਤ ਦੀ ਪਤਨੀ ਨੇ ਪਰਮੇਸ਼ਵਰ ਦੀ ਚੇਤਾਵਨੀ ਦੀ ਪਾਲਣਾ ਨਹੀ ਕੀਤੀ ਅਤੇ ਭੱਜੀ ਜ਼ਾਦੀਂ ਨੇਂ ਪਿੱਛੇ ਮੁੜ ਕੇ ਵੇਖਿਆ।
ਉਹ ਲੂਣ ਦੇ ਖੰਭੇ ਵਿੱਚ ਬਦਲ ਗਈ।



ਪਰਮੇਸ਼ਵਰ ਨੇ ਆਪਣਾ
ਵਾਇਦਾ ਅਬਰਾਹਾਮ
ਅਤੇ ਸਾਰਾਹ ਨਾਲ
ਕਾਇਮ ਰੱਖਿਆ।
ਉਹਨਾਂ ਨੂੰ ਬੁਢਾਪੇ
ਵਿੱਚ ਬੱਚਾ
ਹੋਇਆ, ਜਿਸ
ਤਰਾਂ ਪਰਮੇਸ਼ਵਰ
ਨੇ ਆਖਿਆ ਸੀਂ।
ਉਹ ਕਿੰਨੇ ਖੁਸ਼
ਹੋਣਗੇ ਜਦ ਇਜਹਾਕ
ਪੈਦਾ ਹੋਇਆ!





ਸ਼ਾਇਦ ਅਬਰਾਹਾਮ
ਨੇਂ ਵੀ ਸੋਚਿਆ ਹੋਣਾਂ ਕਿ
ਪਰਮੇਸ਼ਵਰ ਨੇ ਵਾਇਦਾ ਕੀਤਾ
ਸੀਂ ਕਿ ਉਸ ਨੂੰ ਅਤੇ ਉਸ ਦੀ
ਪੀੜ੍ਹੀ ਨੂੰ ਕਨਾਨ ਦੇਸ਼ ਹਮੇਸ਼ਾਂ
ਲਈ ਦੇਵੇਗਾ। ਪਰਮੇਸ਼ਵਰ
ਉਸ ਵਾਇਦੇ ਨੂੰ ਜ਼ਰੂਰ
ਰੱਖੇਗਾ।

ਪਰਮੇਸ਼ਵਰ
ਹਮੇਸ਼ਾਂ
ਆਪਣੇ
ਵਾਇਦਿਆਂ
ਨੂੰ ਪੂਰਿਆਂ
ਕਰਦਾ ਹੈ।

# ਪਰਮੇਸ਼ਵਰ ਦਾ ਅਬਰਾਹਾਮ ਨਾਲ ਵਾਇਦਾ

ਇਹ ਕਹਾਣੀ ਪਰਮੇਸ਼੍ਵਰ ਦਾ ਵਚਨ, ਜੋ ਬਾਈਬਲ ਹੈ

ਇਹ ਪਾਈ ਜਾਂਦੀ ਹੈ

ਉਤਪੱਤੀ ਦੀ ਕਿਤਾਬ 11-21

ਸ਼ਬਦਾ ਦੇ ਪਰਵੇਸ਼ ਦੁਆਰਾ ਰੋਸ਼ਨੀ ਮਿਲਦੀ ਹੈ।
ਜ਼ਬੂਰਾਂ ਦੀ ਪੋਥੀ 119:130

# ਸਮਾਪਤ

ਇਹ ਬਾਈਬਲ ਦੀ ਕਹਾਣੀ ਸਾਨੂੰ ਸਾਡੇ ਅਨੋਖੇ ਪਰਮੇਸ਼ਵਰ ਦੇ ਬਾਰੇ ਦੱਸਦੀ ਹੈ, ਜਿਸ ਨੇ ਸਾਨੂੰ ਬਣਾਇਆ ਅਤੇ ਉਹ ਚਾਹੁੰਦਾ ਹੈ ਕਿ ਅਸੀ ਉਸਨੂੰ ਜਾਣੀਏ।

ਪਰਮੇਸ਼ਵਰ ਜਾਣਦਾ ਹੈ ਕਿ ਅਸੀ ਬੂਰੇ ਕੰਮ ਕੀਤੇ ਹਨ। ਜਿਨ੍ਹਾਂ ਨੂੰ ਉਹ ਪਾਪ ਕਹਿੰਦਾ ਹੈ।ਪਾਪ ਦੀ ਸਜ਼ਾ ਮੋਤ ਹੈ, ਪਰ ਪਰਮੇਸ਼ਵਰ ਤੁਹਾਨੂੰ ਬਹੁਤ ਪਿਆਰ ਕਰਦਾ ਹੈ।ਇਸ ਲਈ ਉਸਨੇ ਆਪਣੇ ਇਕਲੋਤੇ ਪੁੱਤਰ ਯਿਸੂ ਨੂੰ ਭੇਜ਼ਿਆਂ, ਕਿ ਸਲੀਬ ਤੇ ਆਪਣੀ ਜਾਨ ਕੁਰਬਾਨ ਕਰੇ ਅਤੇ ਸਾਡੇ ਗੁਨਾਹਾਂ ਲਈ ਸ਼ਜਾ ਪਾਵੇ।ਤਦ ਯਿਸੂ ਮੁਰਦਿਆਂ ਵਿੱਚੋ ਜੀ ਉਠਿਆਂ ਅਤੇ ਆਪਣੇ ਸਵਰਗੀ ਘਰ ਨੂੰ ਵਾਪਿਸ ਪਰਤ ਗਿਆ।ਜ਼ੇਕਰ ਤੁਸੀ ਯਿਸੂ ਉਤੇ ਵਿਸ਼ਵਾਸ਼ ਕਰਕੇ ਆਪਣੇ ਪਾਪਾ ਲਈ ਮੁਆਫੀ ਮੰਗਦੇ ਹੋ ਤਾਂ ਉਹ ਤੁਹਾਡੇ ਲਈ ਇਹ ਕਰੇਗਾ।ਉਹ ਆਵੇਗਾ ਅਤੇ ਹੁਣ ਤੁਹਾਡੇ ਵਿੱਚ ਵੱਸੇਗਾ, ਅਤੇ ਤੁਸੀ ਉਸਦੇ ਨਾਲ ਹਮੇਸ਼ਾ ਤੱਕ ਵੱਸੋਗੇ।

ਜ਼ੇਕਰ ਤੁਸੀ ਵਿਸ਼ਵਾਸ਼ ਕਰਦੇ ਹੋ਼ ਕਿ ਇਹ ਸੱਚਾਈ ਹੈ ਤਾਂ ਪਰਮੇਸ਼ਵਰ ਨੂੰ ਇਹ ਆਖੋ ਪਿਆਰੇ ਯਿਸੂ, ਮੈ ਵਿਸ਼ਵਾਸ਼ ਕਰਦਾ ਹਾਂ ਕਿ ਤੁਸੀ ਪਰਮੇਸ਼ਵਰ ਹੋ, ਅਤੇ ਤੁਸੀ ਇਨਸਾਨ ਬਣੇ ਕਿ ਮੇਰੇ ਪਾਪਾਂ ਲਈ ਮਰੋ ਅਤੇ ਹੁਣ ਤੁਸੀ ਜਿੰਦਾ ਹੋ। ਕਿਰਪਾ ਕਰਕੇ ਮੇਰੇ ਜੀਵਨ ਵਿੱਚ ਆਓ ਅਤੇ ਮੇਰੇ ਪਾਪਾਂ ਨੂੰ ਮੁਆਫ਼ ਕਰੋ, ਤਾਂ ਜੋ ਹੁਣ ਮੈ ਨਵਾਂ ਜੀਵਨ ਪਾਵਾਂ, ਅਤੇ ਇੱਕ ਦਿਨ ਤੁਹਾਡੇ ਨਾਲ ਹਮੇਸ਼ਾਂ ਦੇ ਲਈ ਜਾਵਾਂ। ਮੇਰੀ ਮਦਦ ਕਰੋ ਕਿ ਮੈ ਤੁਹਾਡੀ ਆਗਿਆ ਨੂੰ ਮੰਨਾ ਅਤੇ ਤੁਹਾਡੇ ਲਈ ਜੀਵਾਂ, ਤੁਹਾਡਾ ਬੱਚਾ ਬਣ ਕੇ ਆਮੀਨ।

ਪਰਮੇਸ਼ਵਰ ਦੇ ਵਚਨ ਨੂੰ ਪੜੋ ਅਤੇ ਰੋਜ਼ਾਨਾਂ ਉਸਦੇ ਨਾਲ ਗੱਲਬਾਤ ਕਰੋ। ਯਹੂੰਨਾ ਦੀ ਇੰਜ਼ੀਲ 3:16